ਡਾਇਰੈਕਟੋਰੇਟ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,

ਐਸ.ਸੀ.ਓ. 128-129 ਸੈਕਟਰ 34-ਏ, ਚੰਡੀਗੜ੍ਹ

ਵੱਲ

ਸਮੂਹ ਜਿਲ੍ਹਾ ਭਲਾਈ ਅਫਸਰ,
ਪੰਜਾਬ ਰਾਜ।

ਮੀਮੋ ਨੰਬਰ ਸ-16/ 7137-7158
ਮਿਤੀ, ਚੰਡੀਗੜ੍ਹ 13/3/2014.

ਵਿਸ਼ਾ: ਸ਼ਗਨ ਸਕੀਮ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਆਮਦਨ ਹੱਦ ਵਿਚ ਵਾਧਾ ਕਰਨ, ਦਰਖਾਸਤ ਵਿਆਹ ਦੀ ਮਿਤੀ ਤੋਂ 30 ਦਿਨ ਬਾਅਦ ਤੱਕ ਦੇਣ ਅਤੇ ਦਰਖਾਸਤ ਫਾਰਮ ਸਰਲ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਪੰਜਾਬ ਸਰਕਾਰ, ਭਲਾਈ ਵਿਭਾਗ ਵੱਲੋਂ ਸ਼ਗਨ ਸਕੀਮ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਸਾਲਾਨਾ ਆਮਦਨ 30,000/-ਰੁਪਏ ਤੋਂ ਵਧਾ ਕੇ 32,790/- ਕੀਤੀ ਗਈ ਹੈ, ਸਬੰਧਤ ਬਿਨੈਕਾਰ ਆਪਣੀ ਦਰਖਾਸਤ ਵਿਆਹ ਦੀ ਮਿਤੀ ਤੋਂ 30 ਦਿਨ ਬਾਅਦ ਤੱਕ ਦੇਣ ਸਬੰਧੀ ਫੈਸਲਾ ਕੀਤਾ ਗਿਆ ਹੈ ਅਤੇ ਦਰਖਾਸਤ ਫਾਰਮ ਸਰਲ ਕੀਤਾ ਗਿਆ ਹੈ।

ਸ਼ਗਨ ਸਕੀਮ ਅਧੀਨ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਮਾਪੇ/ਸਰਪ੍ਰਸਤਾਂ ਨੂੰ ਆਪਣੀ ਦਰਖਾਸਤ ਨਿਰਧਾਰਤ ਸਰਲ ਫਾਰਮ ਵਿੱਚ ਸਰਪੰਚ ਗਰਾਮ ਪੰਚਾਇਤ/ਨੰਬਰਦਾਰ (ਪੇਂਡੂ ਖੇਤਰਾਂ ਲਈ) ਅਤੇ ਮਿਊਂਸਪਲ ਕੌਂਸਲਰ (ਸ਼ਹਿਰੀ ਖੇਤਰਾਂ ਲਈ) ਤੋਂ ਤਸਦੀਕ ਕਰਵਾਕੇ ਸਬੰਧਤ ਤਹਿਸੀਲ/ਜਿਲ੍ਹਾ ਭਲਾਈ ਅਫਸਰ ਦੇ ਦਫਤਰ ਵਿੱਚ ਆਪਣੀ ਲੜਕੀ ਦੇ ਵਿਆਹ ਦੀ ਮਿਤੀ ਨਿਸ਼ਚਿਤ ਹੋਣ ਉਪਰੰਤ ਵਿਆਹ ਤੋਂ ਪਹਿਲਾਂ ਜਾਂ ਵਿਆਹ ਦੀ ਮਿਤੀ ਤੋਂ 30 ਦਿਨ ਬਾਅਦ ਤੱਕ ਮੁਕੰਮਲ ਦਸਤਾਵੇਜ਼ਾਂ ਸਹਿਤ ਦੇਣੀ ਹੋਵੇਗੀ। ਇਸ ਸਕੀਮ ਤਹਿਤ ਲਾਭ ਪ੍ਰਾਪਤ ਕਰਨ ਲਈ ਬਿਨੈਕਾਰ ਵੱਲੋਂ ਦਿੱਤੀ ਜਾਣ ਵਾਲੀ ਦਰਖਾਸਤ ਦਾ ਨਿਰਧਾਰਤ ਸਰਲ ਫਾਰਮ ਨਾਲ ਨੱਥੀ ਕੀਤਾ ਜਾਂਦਾ ਹੈ।

ਇਸ ਸਕੀਮ ਨੂੰ ਲਾਗੂ ਕਰਨ ਲਈ , ਲਾਗੂ ਕਰਨ ਦੀ ਵਿਧੀ ਵਿੱਚ ਕੀਤੀਆਂ ਗਈਆਂ ਸੋਧਾਂ ਸਬੰਧੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਗਈ ਹੈ। ਇਸ ਲਈ ਇਨ੍ਹਾਂ ਫੈਸਲਿਆਂ ਅਨੁਸਾਰ ਸਕੀਮ ਨੂੰ ਇਨ-ਬਿਨ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

ਇਹ ਹੁਕਮ ਮਿਤੀ 13-2-2014 ਤੋਂ ਪਹਿਲਾਂ ਪ੍ਰਾਪਤ ਹੋਈਆਂ ਦਰਖਾਸਤਾਂ ਤੇ ਲਾਗੂ ਨਹੀਂ ਹੋਣਗੇ।

ਨੱਥੀ/ਨਿਰਧਾਰਤ ਸਰਲ ਦਰਖਾਸਤ ਫਾਰਮ

ਡਾਇਰੈਕਟਰ

ਪਿੱਠ ਅੰਕਣ ਨੰਬਰ ਸ-16/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਨਿਮਨ-ਲਿਖਤ ਅਨੁਸਾਰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ;
2. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਯੋਜਨਾਬੰਦੀ ਵਿਭਾਗ, ਚੰਡੀਗੜ੍ਹ;
3. ਸਕੱਤਰ ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ, ਚੰਡੀਗੜ੍ਹ;
4. ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ;
5. ਸਮੂਹ ਉਪ ਮੰਡਲ ਮੈਜਿਸਟ੍ਰੇਟ, ਪੰਜਾਬ ਰਾਜ;
6. ਸੰਯੁਕਤ/ਸਹਾਇਕ ਕਮਿਸ਼ਨਰ, ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ;
7. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ, ਪੰਜਾਬ, ਚੰਡੀਗੜ੍ਹ;
8. ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ, ਪੰਜਾਬ ਰਾਜ;
9. ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਮਾਲ ਵਿਭਾਗ, ਪੰਜਾਬ ਰਾਜ;
10. ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਪੰਜਾਬ ਰਾਜ;
11. ਸਮੂਹ ਕਾਰਜਕਾਰੀ ਅਫਸਰ, ਮਿਊਂਸਪਲ ਕਮੇਟੀ/ਨੋਟੀਫਾਈਡ ਕਮੇਟੀ, ਪੰਜਾਬ ਰਾਜ।

ਨੱਥੀ/ਨਿਰਧਾਰਤ ਸਰਲ ਦਰਖਾਸਤ ਫਾਰਮ

ਸਹੀ/-
ਡਾਇਰੈਕਟਰ

ਪਿੱਠ ਅੰਕਣ ਨੰਬਰ ਸ-16/ ਮਿਤੀ, ਚੰਡੀਗੜ੍ਹ

ਉਤਾਰਾ: 1. ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਜਾਣਕਾਰੀ ਹਿੱਤ;

2. ਨਿੱਜੀ ਸਕੱਤਰ/ਭਲਾਈ ਮੰਤਰੀ ਨੂੰ ਮਾਨਯੋਗ ਭਲਾਈ ਮੰਤਰੀ ਪੰਜਾਬ ਜੀ ਦੀ ਜਾਣਕਾਰੀ ਹਿੱਤ;

ਨੱਥੀ/ਨਿਰਧਾਰਤ ਸਰਲ ਦਰਖਾਸਤ ਫਾਰਮ

ਸਹੀ/-
ਡਾਇਰੈਕਟਰ